# ਮੇਅਰ ਵਰਲਡ ਸਕੂਲ ਵਿੱਚ ਸੁਤੰਤਰਤਾ ਦਿਵਸ ਦੇ ਮੌਕੇ ’ਤੇ ਮੇਅਰ ਗਲੈਕਸੀ ਦਾ ਰੰਗਾ-ਰੰਗ ਪ੍ਰੋਗਰਾਮ ਦਾ ਆਯੋਜਨ

**ਜਲੰਧਰ-ਸੀਰਤ ਗੌਤਮ**

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ‘ਚੋਂ ਨਾ ਭੁਲਾ ਜਾਣਾ, ਦੇਸ਼ ਦੇ ਲਈ ਲੱਗੇ ਆਂ ਚੜ੍ਹਨ ਫਾਂਸੀ, ਸਾਨੂੰ ਦੇਖ ਕੇ ਨਾ ਘਬਰਾ ਜਾਣਾ। ਮੇਅਰ ਵਰਲਡ ਸਕੂਲ ਹਮੇਸ਼ਾਂ ਤੋਂ ਹੀ ਆਪਣੀ ਵਿੱਲਖਣਤਾ ਦੇ ਲਈ ਜਲੰਧਰ ਸ਼ਹਿਰ ਦੇ ਪ੍ਰਸਿੱਧ ਸਕੂਲਾਂ ਵਿੱਚ ਜਾਣਿਆ ਜਾਂਦਾ ਹੈ।ਆਪਣੀ ਇਸ ਪਛਾਣ ਨੂੰ ਕਾਇਮ ਰੱਖਦੇ ਹੋਏ 77 ਵੇਂ ਸੁਤੰਤਰਤਾ ਦਿਵਸ ਦੇ ਮੌਕੇ ਤੇ ਮੇਅਰ ਗਲੈਕਸੀ ਤੇ ਜਮਾਤ ਪਹਿਲੀ ਤੋਂ ਦੂਸਰੀ ਦੁਆਰਾ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਤੇ ਤਿਉਹਾਰਾਂ ਨੂੰ ਦਰਸਾਉਂਦਾ ਹੋਇਆ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਕਿ ਮੇਅਰ ਮੇਅਰ ਗਲੈਕਸੀ ਦੇ ਨੰਨੇ-ਮੁੰਨੇ ਭਾਰਤ ਦੀ ਵਿੱਭਿਨਤਾ ਨੂੰ ਦਰਸਾਉਦੇ ਹੋਏ ਅਲੱਗ-ਅਲੱਗ ਰਾਜਾਂ ਦੇ ਵੇਸ਼-ਭੂਸ਼ਾ ਵਿੱਚ ਤਿਆਰ ਹੋ ਕੇ ਆਏ ਸਨ ।ਜਿਵੇਂ ਕਿ ਗੋਆ , ਜੰਮੂ-ਕਸ਼ਮੀਰ , ਪੰਜਾਬ , ਹਿਮਾਚਲ ਪ੍ਰਦੇਸ਼, ਹਰਿਆਣਾ , ਗੁਜਰਾਤ ,ਮਹਾਂਰਾਸ਼ਟਰ ,ਰਾਜਸਥਾਨ , ਕੇਰਲਾ , ਦਿੱਲੀ ਅਤੇ ਵੈਸਟ ਬੰਗਾਲ ਆਦਿ।ਬੱਚਿਆਂ ਨੇ ਆਏ ਹੋਏ ਮਹਿਮਾਨਾਂ ਨੂੰ ਰਾਜਾਂ ਦੇ ਖ਼ਾਸ ਵੇਸ਼-ਭੂਸ਼ਾ , ਖਾਣੇ ਤੇ ਮਸਾਲਿਆਂ ਤੋਂ ਜਾਣੂ ਕਰਵਾਇਆ।ਰੰਗ-ਬਰੰਗੀਆਂ ਪੁਸ਼ਾਕਾਂ ਵਿੱਚ ਬੱਚੇ ਬਹੁਤ ਹੀ ਸੋਹਣੇ ਲੱਗ ਰਹੇ ਸਨ। ਦੂਜੇ ਪਾਸੇ ਜਮਾਤ ਪਹਿਲੀ ਤੇ ਦੂਜੀ ਦੇ ਬੱਚਿਆਂ ਦੀ ਇੱਕ ਖ਼ਾਸ ਪ੍ਰਾਰਥਨਾ ਸਭਾ ਹੋਈ। ਜਿਸ ਵੀ ਬੱਚਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਬੱਚੇ ਤਿਰੰਗਾ ਹੱਥਾਂ ਵਿੱਚ ਲੈ ਕੇ ਦੇਸ਼ ਭਗਤੀ ਦੇ ਰੰਗ ਵਿੱਚ ਰੰਗੇ ਹੋਏ ਲੱਗਦੇ ਸਨ।ਦੇਸ਼ ਭਗਤੀ ਦੇ ਗੀਤਾਂ ਤੇ ਨੱਚਦੇ ਹੋਏ ਉਹਨਾਂ ਨੇ ਬਹੁਤ ਹੀ ਮਨਮੋਹਕ ਸਮਾਂ ਬੰਨ ਦਿੱਤਾ। ਇੰਝ ਲੱਗ ਰਿਹਾ ਸੀ ਕਿ ਜਿਵੇਂ ਸਾਰਾ ਦੇਸ਼ ਹੀ ਇੱਕ ਜਗ੍ਹਾ ਤੇ ਇੱਕਠਾ ਹੋ ਗਿਆ ਹੋਵੇ। ਇਸ ਮੌਕੇ ਤੇ ਮੇਅਰ ਵਰਲਡ ਸਕੂਲ ਨੂੰ ਤਿੰਨ ਰੰਗ ਕੇਸਰੀ,ਸਫੈਦ ਤੇ ਹਰੇ ਰੰਗ ਨਾਲ ਸਜਾਇਆ ਗਿਆ। ਪੰਜਾਬ ਪ੍ਰਾਂਤ ਨਾਲ ਜੁੜੀਆ ਕੁੱਝ ਪੁਰਾਣੀਆ ਚੀਜ਼ਾਂ ਵਿਖਾਈਆਂ ਗਈਆਂ।ਜਿਸ ਵਿੱਚ ਮੁੱਖ ਰੂਪ ਵਿੱਚ ਮੰਜੀ, ਪੀੜੀ, ਪੱਖੀਆਂ, ਚਰਖਾ, ਫੁਲਕਾਰੀ ਆਦਿ ਰੱਖੀਆਂ ਗਈਆਂ। ਇਸ ਮੌਕੇ ਤੇ ਸਕੂਲ ਦੇ ਚੇਅਰ ਮੈਨ ਸ਼੍ਰੀਮਾਨ ਰਾਜੇਸ਼ ਮੇਅਰ , ਵਾਇਸ ਚੇਅਰ ਪਰਸਨ ਸ਼੍ਰੀਮਤੀ ਨੀਰਜ਼ਾ ਮੇਅਰ ਵੀ ਮੁੱਖ ਰੂਪ ਵਿੱਚ ਹਾਜ਼ਿਰ ਸਨ।ਡਾਇਰੈਕਟਰ ਸ਼੍ਰੀਮਤੀ ਸਰਿਤਾ ਮਧੋਕ , ਡਿਪਟੀ ਵਾਇਸ ਪ੍ਰਿੰਸੀਪਲ ਸ਼੍ਰੀਮਤੀ ਚਾਰੂ ਤਰੇਹਨ ਦੀ ਦੇਖ ਰੇਖ ਵਿੱਚ ਇਹ ਸਾਰਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਉਹਨਾਂ ਨੇ ਸਾਰਿਆਂ ਨੂੰ ਸੁੰਤਤਰਤਾ ਦਿਵਸ ਦੀ ਵਧਾਈ ਦਿੱਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਸਕੂਲ ਵਿੱਚ ਕਰਵਾਉਣ ਨਾਲ ਉਹਨਾਂ ਦੇ ਦੇਸ਼ ਪ੍ਰਤੀ ਪਿਆਰ ਹੋਰ ਵੱਧਦਾ ਹੈ ਤੇ ਏਕਤਾ ਦਾ ਸੁਨੇਹਾ ਮਿਲਦਾ ਹੈ। ਮੇਅਰ ਵਰਲਡ ਦੇ ਵਿਹੜੇ ਵਿੱਚ ਰੰਗ-ਬਰੰਗੀਆਂ ਪੁਸ਼ਾਕਾਂ ਵਿੱਚ ਸਜੇ ਬੱਚਿਆਂ ਨਾਲ ਪੂਰਾ ਮਾਹੌਲ ਰੰਗੀਨ ਹੋ ਗਿਆ।ਹਰ ਇੱਕ ਦੇ ਚਿਹਰੇ ਫੁੱਲਾਂ ਵਰਗੇ ਖਿੜੇ ਨਜ਼ਰ ਆ ਰਹੇ ਸਨ।ਇਹ ਸਾਰਾ ਮਾਹੌਲ ਯਾਦਗਾਰ ਹੋ ਨਿਬੜਿਆ।



# Mayor World School , Organised a Splendid Event 'Adorn India'



**Jalandhar-Zenith Lehal**

To ignite the spirit of patriotism among the students and make them understand the significance of Unity in Diversity , Mayor Galaxy , the pre-primary wing of Mayor World School , organised a splendid event 'Adorn India' on Monday,14th August 2023 .The Chairman ,Mr Rajesh Mayor and the Vice Chairperson , Ms Neerza Mayor graced the exuberant occasion.The tiny tots of Mayor Galaxy brought alive various states and Union territories of the country. Dressed in traditional attires , young Mayorites represented ,Goa , Jammu and Kashmir , Punjab , Himachal Pradesh ,Haryana , Gujarat , Maharashtra , Kerala , Delhi and West Bengal . Everyone was mesmerised with confident munchkins waving tricolour flag in their little hands . Various artefacts and varied cuisines of these regions were also exhibited . The Director ,Ms Sarita Madhok and the Deputy Vice Principal, Ms Charu Trehan interacted with the students and commended them for their zeal. Mayo Airlines and children dressed up as celebrities were the chief attraction . Parents in tricolour attires added to the patriotic fervour. The School Management appreciated the ind' ous endeavours c teachers and the pa. and extolled the students for their whole hearted participation.